ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

09 July 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਅਦਾਲਤ ਦੇ ਹੁਕਮਾਂ ਤੋਂ ਬਾਅਦ ਬੰਦ ਹੋਈ ਕੰਪਨੀ ਦਾ ਆਮ ਲੋਕ ਭੁਗਤ ਰਹੇ ਨੇ ਖਮਿਆਜਾ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਵਲਿੰਗਟਨ ਸਥਿਤ ਵੇਜ ਇਲੈਕਟ੍ਰੋਨਿਕਸ ਪਿਛਲੇ ਕੁੱਝ ਸਮੇਂ ਤੋ ਬੰਦ ਪਈ ਹੈ ਜਿਸ ਦਾ ਖਮਿਆਜਾ ਆਮ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ। ਇਸ ਦੁਕਾਨ ਦੇ ਮਾਲਕ ਨੇ ਆਪਣੇ ਕਈਂ ਸਾਬਕਾ ਕਰਮਚਾਰੀਆਂ ਦੇ ਤਨਖਾਹ ਅਤੇ ਹੋਰ ਕਈਂ ਬਕਾਏ ਦੇਣੇ ਹਨ, ਜਿਸ ਦੇ ਚਲਦਿਆਂ ਅਦਾਲਤ ਨੇ ਇਸ ਨੂੰ ਹੁਕਮ ਸੁਣਾਏ ਹੋਏ ਹਨ ਕਿ ਉਹ ਆਪਣੇ ਕਰਮਚਾਰੀਆਂ ਨੂੰ ਤਨਖਾਹ ਵਿਆਜ ਸਮੇਤ ਵਾਪਿਸ ਕਰ।

ਇਸ ਸਬੰਧੀ ਇੱਕ ਔਰਤ ਨੇ ਦੱਸਿਆ ਕਿ ਉਹ ਆਪਣਾ ਫੋਨ ਰਿਪੇਅਰ ਕਰਨ ਲਈ ਇਸ ਦੁਕਾਨ 'ਤੇ ਦੇ ਕੇ ਗਈ ਸੀ ਪਰ ਕਾਫੀ ਦਿਨ ਬੀਤ ਜਾਣ ਦੇ ਬਾਅਦ ਵੀ ਦੁਕਾਨ ਬੰਦ ਪਈ ਹੈ। ਨੇੜਲੇ ਦੁਕਾਨ ਵਾਲਿਆ ਦਾ ਕਹਿਣਾ ਹੈ ਕਿ ਹਰ ਰੋਜ ਇੱਥੇ ਕਈਂ ਗਾਹਕ ਆ ਕੇ ਮੁੜ ਰਹੇ ਹਨ। ਉਕਤ ਦੁਕਾਨ ਦਾ ਮਾਲਕ ਸ਼ੋਭਿਤ ਸੈਣੀ ਨਾਲ ਜਿਸ ਨੇ ਆਪਣਾ ਅਤੇ ਆਪਣੀ ਕੰਪਨੀ ਦਾ ਫੇਸਬੁੱਕ ਪੇਜ ਹੀ ਡੀਲੀਟ ਕਰ ਦਿੱਤਾ। ਅਜਿਹੇ ਵਿੱਚ ਕਾਫੀ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਨਿਊਜ਼ੀਲੈਂਡ 'ਚ ਮਹਿਕ-ਏ-ਪੰਜਾਬ ਦੀ ਸ਼ੋਅ 31 ਅਗਸਤ ਨੂੰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪੰਜਾਬੀ ਹੈਰੀਟੇਜ ਵੱਲੋਂ ਇੱਕ ਸੱਭਿਆਚਾਰ ਅਤੇ ਪੰਜਾਬੀ ਵਿਰਸੇ ਨਾਲ ਸਬੰਧਤ ਸ਼ੋਅ ਮਹਿਕ-ਏ-ਪੰਜਾਬ 31 ਅਗਸਤ 2019 ਨੂੰ ਕਰਵਾਇਆ ਜਾ ਰਿਹਾ ਹੈ। ਸ਼ੋਅ ਬਾਰੇ ਵਧੇਰੇ ਜਾਣਕਾਰੀ ਦਿੰਦਿਆ ਪ੍ਰਬੰਧਕਾ ਨੇ ਦੱਸਿਆ ਕਿ ਇਹ ਸ਼ੋਅ ORMISTON COLLEGE HALL BGE, ORMISTON ROAD, MANUKAU, AUCKLAND 2016 ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸ਼ੋਅ ਵਿੱਚ ਪੰਜਾਬ ਦੀਆਂ ਮਸ਼ਹੂਰ ਗਾਇਕਾਵਾਂ ਗੁਰਮੀਤ ਬਾਵਾ, ਗਲੋਰੀ ਬਾਵਾ ਅਤੇ ਲਾਚੀ ਬਾਵਾ ਸਰੋਤਿਆ ਦਾ ਮੰਨੋਰੰਜਨ ਕਰਨਗੀਆਂ। ਸ਼ੋਅ 31 ਅਗਸਤ ਨੂੰ ਸ਼ਾਮ 6 ਵਜੇ ਸ਼ੁਰੂ ਹੋਵੇਗਾ ਅਤੇ ਦੇਰ ਰਾਤ ਤੱਕ ਚੱਲੇਗਾ। ਸ਼ੋਅ ਪੂਰੀ ਤਰਾਂ ਪਰਿਵਾਰਕ ਹੋਵੇਗਾ।

ਇਸ ਸ਼ੋਅ ਲਈ ਵਿਕਟਾਂ ਬਹੁਤ ਹੀ ਵਾਜਿਬ ਕੀਮਤਾਂ ਉੱਤੇ ਉਪਲਬਧ ਹੋ ਚੁੱਕੀਆਂ ਹਨ। 25 ਡਾਲਰ ਵਿੱਚ ਇੱਕ ਟਿਕਟ ਖਰੀਦੀ ਜਾ ਸਕਦੀ ਹੈ ਜਦਕਿ ਵੀ ਆਈ ਪੀ ਟਿਕਟ ਲਈ 50 ਡਾਲਰ ਕੀਮਤ ਰੱਖੀ ਗਈ ਹੈ। ਇਸ ਸ਼ੋਅ ਲਈ ਬਹੁਤ ਸਾਰੀਆਂ ਟਿਕਟਾਂ ਵਿਕ ਚੁੱਕੀਆਂ ਹਨ ਅਤੇ ਸੀਮਿਤ ਸੀਟਾਂ ਹੀ ਬਚੀਆਂ ਹਨ। ਸ਼ੋਅ ਨੂੰ ਸਪਾਂਸਰ ਕਰਨ ਜਾਂ ਹੋਰ ਕਿਸੇ




ਵੀ ਜਾਣਕਾਰੀ ਲਈ 0 2 1 0 2 7 9 5 4 0 3 , 021239,3336 ਜਾਂ 0210337257 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨਾਂ punjabiheritagers@yahoo.com 'ਤੇ ਈ-ਮੇਲ ਕਰਕੇ ਵੀ ਜਾਣਕਾਰੀ ਲਈ ਜਾ ਸਕਦੀ ਹੈ।

## ਆਕਲੈਂਡ ਚ ਹਰਭਜਨ ਮਾਨ ਦਾ ਸ਼ੋਅ 27 ਜੁਲਾਈ ਨੂੰ



ਆਕਲੈਂਡ (ਐਨ ਜ਼ੈੱਡ ਤਸਵੀਰ ਬਿਊਰੋ) ਪੰਜਾਬੀ ਦੇ ਮਸ਼ਹੂਰ ਗਾਇਕ ਹਰਭਜਨ ਮਾਨ ਦਾ ਲਾਈਵ ਸ਼ੋਅ 27 ਜੁਲਾਈ 2019 ਨੂੰ ਨਿਊਜ਼ੀਲੈਂਡ ਦੇ ਆਕਲੈਂਡ ਵਿਖੇ ਵੋਡਾਫੋਨ ਈਵੈਂਟ ਸੈਂਟਰ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਸ਼ੋਅ ਇੱਕ ਪਰਿਵਾਰਕ ਸ਼ੋਅ ਹੋਵੇਗਾ ਜਿਸ ਵਿੱਚ ਹਰਭਜਨ ਮਾਨ ਆਪਣੇ ਨਵੇਂ ਅਤੇ ਪੁਰਾਣੇ ਗੀਤਾਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੇ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਕਰਮ ਹੁੰਦਲ ਨੂੰ 0275146477 'ਤੇ ਸੰਪਰਕ ਕੀਤਾ ਜਾ ਸਕਦਾ ਹੈ।ਆਜਕਲੈਂਡ 'ਚ ਟਿਕਟਾਂ ਲਈ ਅਭੀ ਅਦਲੀਵਾਲ ਨੂੰ 0221698977 ਅਤੇ ਇੰਦਰ ਹੁੰਦਲ ਨੂੰ 0275146777 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਹੈਮਿਲਟਨ 'ਚ ਟਿਕਟਾਂ ਲਈ ਬਿਕਰਮ ਨੂੰ 0273870809 'ਤੇ ਹੈਰੀ ਨੂੰ 0277665434 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੈਮੀ.ਫਾਈਨਲ 'ਚ ਅੰਕੜੇ ਭਾਰਤ ਦੇ ਪੱਖ ਵਿਚ, ਸਿਰ.ਫ ਇਕ ਵਾਰ ਜਿੱਤੀ ਨਿਊਜ਼ੀਲੈਂਡ ਟੀਮ

ਭਾਰਤੀ ਟੀਮ ਆਈ.ਸੀ.ਸੀ ਵਿਸ਼ਵ ਕੱਪ 2019 ਦੇ ਪਹਿਲੇ ਸੈਮੀਫ਼ਾਈਨਲ ਵਿਚ ਮੰਗਲਵਾਰ 9 ਜੁਲਾਈ ਨੂੰ ਨਿਊਜ਼ੀਲੈਂਡ ਨਾਲ ਭਿੜੇਗਾ ਜਦਕਿ ਮੇਜਬਾਨ ਇੰਗਲੈਂਡ ਦਾ ਸਾਹਮਣਾ ਵੀਰਵਾਰ 11 ਜੁਲਾਈ ਨੂੰ ਹੋਣ ਵਾਲੇ ਦੂਜੇ ਅੰਤਮ ਚਾਰ ਮੁਕਾਬਲੇ ਵਿਚ ਸਾਬਕਾ ਚੈਂਪਿਅਨ ਆਸਟਰੇਲੀਆ ਨਾਲ ਹੋਵੇਗਾ। ਗਰੁੱਪ ਪੜਾਅ ਦੇ 45 ਮੈਚ ਆਸਟਰੇਲੀਆ ਅਤੇ ਦਖਣੀ ਅਫ਼ਰੀਕਾ ਦੇ ਵਿਚਕਾਰ ਹੋਏ ਮੁਕਾਬਲੇ ਨਾਲ ਸਮਾਪਤ ਹੋਏ। ਫਾਈਨਲ 14 ਜੁਲਾਈ ਨੂੰ ਲਾਡਰਸ ਮੈਦਾਨ 'ਚ ਖੇਡਿਆ ਜਾਵੇਗਾ।ਅਸਟਰੇਲੀਆ, ਭਾਰਤ, ਇੰਗਲੈਂਡ ਅਤੇ ਨਿਊਜ਼ੀਲੈਂਡ ਦੀ ਟੀਮਾਂ ਸਨਿਚਰਵਾਰ ਨੂੰ ਅੰਤਮ ਗਰੁੱਪ ਪੜਾਅ ਮੈਚ ਤੋਂ ਪਹਿਲਾਂ ਹੀ ਅੰਤਮ ਚਾਰ ਵਿਚ ਦਾਖ਼ਲ ਹੋ ਚੁੱਕੀ ਸੀ, ਸਿਰਫ਼ ਸੂਚੀ ਵਿਚ ਸਥਾਨ ਦਾ ਫ਼ੈਸਲਾ ਅੰਤਮ ਗਰੁੱਪ ਪੜਾਅ ਮੈਚ ਤੋਂ ਹੋਣਾ ਸੀ। ਭਾਰਤ ਦੀ ਸ੍ਰੀਲੰਕਾ 'ਤੇ ਸੱਤ ਵਿਕਟਾਂ ਤੋਂ ਜਿੱਤ ਨਾਲ ਕਪਤਾਨ ਵਿਰਾਟ ਕੋਹਲੀ ਦੀ ਟੀਮ ਨੇ ਗੁਰੱਪ ਪੜਾਅ ਦਾ ਸਮਾਪਨ ਜਿੱਤ ਨਾਲ ਕਰਦੇ ਹੋਏ ਅੰਕ ਸੂਚੀ ਵਿਚ ਆਸਟਰੇਲੀਆ ਨੂੰ ਪਛਾੜ ਦਿਤਾ ਜਿਸ ਨੂੰ ਦਖਣੀ ਅਫ਼ਰੀਕਾ ਤੋਂ ਦੱਸ ਦੌੜਾਂ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ। ਭਾਰਤ ਦੀ ਜਿੱਤ ਅਤੇ ਆਸਟਰੇਲੀਆ ਦੀ ਹਾਰ ਦਾ ਮਤਲਬ ਹੋਇਆ ਕਿ 2019 ਜੇਤੂ ਗਰੁੱਪ ਪੜਾਅ ਵਿਚ ਚੋਟੀ 'ਤੇ ਰਿਹਾ ਅਤੇ ਔਲਡ ਟਰੈਫ਼ਰਡ ਵਿਚ ਚੌਥੇ ਸਥਾਨ 'ਤੇ ਰਹਿਣ ਵਾਲੀ ਟੀਮ ਨਾਲ ਭਿੜੇਗਾ ਜੋ ਨਿਊਜ਼ੀਲੈਂਡ ਹੈ। ਇਹ ਦਿਲਚਸਪ ਮੈਚ ਹੋਵੇਗਾ ਕਿਊਂਕਿ ਦੋਵੇਂ ਟੀਮਾਂ ਇਸ ਵਿਸ਼ਵ ਕੱਪ ਵਿਚ ਇਕ ਦੂਜੇ ਨਾਲ ਨਹੀਂ ਖੇਡ ਸਕੀ ਹੈ ਕਿਊਂਕਿ ਟਰੇਂਟ ਬ੍ਰਿਜ ਵਿਚ 13 ਜੂਨ ਨੂੰ ਗਰੁੱਪ ਪੜਾਅ ਦਾ ਮੈਚ ਇਕ ਵੀ ਗੇਂਦ ਸੁੱਟੇ ਬਿਨ੍ਹਾ ਮੀਂਹ ਦੀ ਭੇਂਟ ਚੜ੍ਹ ਗਿਆ ਸੀ। ਭਾਰਤ ਨੂੰ ਗਰੁੱਪ ਪੜਾਅ ਮੈਚਾਂ ਵਿਚ ਇਕਲੌਤੀ ਹਾਰ ਇੰਗਲੈਂਡ ਤੋਂ ਮਿਲੀ ਹੈ ਜਿਸ ਨਾਲ ਉਸਦੇ ਨੌਂ ਮੈਚਾਂ ਵਿਚ 15 ਅੰਕ ਰਹੇ। ਆਸਟਰੇਲੀਆਈ ਟੀਮ ਗੁਰੱਪ ਪੜਾਅ ਮੈਚ ਵਿਚ ਹਾਰ ਕਾਰਨ ਦੂਜੇ ਸਥਾਨ 'ਤੇ ਖਿਸਕ ਗਈ ਜਿਸ ਕਰ ਕੇ ਹੁਣ ਉਹ ਮੇਜਬਾਨ ਇੰਗਲੈਂਡ ਦੇ ਸਾਹਮਣੇ ਹੋਵੇਗੀ। ਭਾਰਤੀ ਟੀਮ 7ਵੀਂ ਵਾਰ ਸੈਮੀਫ਼ਾਈਨਲ 'ਚ ਪੁੱਜੀ ਹੈ। ਇਨ੍ਹਾਂ 6 ਮੌਕਿਆਂ 'ਚੋਂ ਤਿੰਨ ਵਾਰ ਜਿੱਤ (1983, 2003, 2011) ਮਿਲੀ ਹੈ ਅਤੇ ਤਿੰਨ ਵਾਰ ਹਾਰ (1987, 1996, 2015) 'ਚ ਹਾਰ ਮਿਲੀ ਹੈ। ਉੱਥੇ ਹੀ ਨਿਊਜ਼ੀਲੈਂਡ ਦੀ ਟੀਮ ਸਿਰਫ਼ ਇਕ ਵਾਰ (2015) ਸੈਮੀਫ਼ਾਈਨਲ 'ਚ ਜਿੱਤ ਹਾਸਲ ਕਰ ਸਕੀ ਹੈ। ਅਜਿਹੇ 'ਚ ਸੈਮੀਫ਼ਾਈਨਲ ਦੇ ਦਬਾਅ 'ਚ ਭਾਰਤੀ ਟੀਮ ਦੇ ਜਿੱਤਣ ਦੀਆਂ ਸੰਭਾਵਨਾਵਾਂ ਵੱਧ ਹਨ, ਕਿਉਂਕਿ ਦਬਾਅ ਝੱਲਣ ਲਈ ਉਸ ਦੀ ਮਾਨਸਕ ਤਿਆਰੀ ਮਜ਼ਬੂਤ ਵਿਖਾਈ ਦਿੰਦੀ ਹੈ।

## ਭਾਰਤੀ ਰੈਸਟੋਰੈਂਟ ਦੀ ਕਰਤੂਤ, ਇਮੀਗ੍ਰੇਸ਼ਨ ਨੂੰ ਬੋਲਿਆ ਝੂਠ, ਠੁੱਕਿਆ 86000 ਡਾਲਰ




ਆਕਲੈਂਡ-ਇਥੋਂ ਦੇ ਇਕ ਭਾਰਤੀ ਰੈਸਟੋਰੈਂਟ 'ਸਪਾਈਸ ਰੂਮ' ਨੂੰ ਆਪਣੇ ਕਾਮੇ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਨੌਕਰੀ ਤੋਂ ਕੱਢਣ ਕਾਰਨ 86,600 ਡਾਲਰ ਦਾ ਭੁਗਤਾਨ ਕਰਨਾ ਪਵੇਗਾ। ਰੈਸਟੋਰੈਂਟ ਦਾ ਇਹ ਰਸੋਈਆ 15 ਹਫਤਿਆਂ ਦੀ ਛੁੱਟੀ ਲੈ ਕੇ ਇੰਡੀਆ ਗਿਆ ਸੀ ਅਤੇ ਮਾਲਕਾਂ ਨੇ ਮਗਰੋਂ ਇਮੀਗ੍ਰੇਸ਼ਨ ਨੂੰ ਇਹ ਕਹਿ ਦਿੱਤਾ ਕਿ ਉਸਨੇ ਕਿਹਾ ਹੈ ਕਿ ਉਹ ਵਾਪਸ ਨਹੀਂ ਆ ਰਿਹਾ। ਰਸੋਈਆ ਰਾਮੇਸ਼ ਨਾਥ ਜਦੋਂ ਵਾਪਸ ਨਿਊਜ਼ੀਲੈਂਡ ਆਉਣ ਲਈ ਜਹਾਜ਼ ਫੜ੍ਹਨ ਲੱਗਾ ਤਾਂ ਪਤਾ ਲੱਗਾ ਕਿ ਉਸਦਾ ਵੀਜ਼ਾ ਤਾਂ ਕੈਂਸਲ ਹੋ ਚੁੱਕਾ ਹੈ। ਰਮੇਸ਼ ਨਾਥ ਨੇ ਸਤੰਬਰ 2016 ਤੋਂ ਅਪ੍ਰੈਲ 2018 ਤੱਕ ਇਥੇ ਕੰਮ ਕੀਤਾ ਸੀ। ਰੈਸਟੋਰੈਂਟ ਦੇ ਸ਼ੇਅਰ ਹੋਲਡਰ ਅਭਿਸ਼ੇਖ ਸਕਲਾਨੀ ਨੇ ਇਸ ਕਾਮੇ ਦੀ ਛੁੱਟੀ ਮੰਜੂਰ ਕੀਤੀ ਸੀ। ਹਾਂਗਕਾਂਗ ਵਿਖੇ ਇਸ ਰਸੋਈਏ ਨੂੰ ਰੋਕ ਲਿਆ ਗਿਆ ਸੀ। ਇਸ ਕਾਮੇ ਨੇ ਇਹ ਵੀ ਦੋਸ਼ ਲਾਇਆ ਹੈ ਕਿ ਉਹ 60 ਘੰਟੇ ਕੰਮ ਕਰਦਾ ਸੀ ਪਰ 30 ਘੰਟੇ ਦੇ ਹੀ ਪੈਸੇ ਦਿੱਤੇ ਗਏ। ਇੰਪਲਾਇਮੈਂਟ ਅਥਾਰਟੀ ਨੇ ਹੁਣ ਸਪਾਈਸ ਰੂਮ ਨੂੰ 54,238 ਡਾਲਰ ਰਾਮੇਸ਼ ਨਾਥ ਨੂੰ ਬਣਦੀ ਤਨਖਾਹ ਭੁਗਤਾਨ ਕਰਨ ਵਾਸਤੇ ਕਿਹਾ ਹੈ ਜਦ ਕਿ 22,000 ਡਾਲਰ ਹੋਰ ਮੁਆਵਜ਼ਾ ਦੇਣ ਲਈ ਕਿਹਾ ਹੈ। ਇਸ ਤੋਂ ਇਲਾਵਾ 10,424 ਡਾਲਰ ਹੋਰ ਭਰਪਾਈ ਕਰਨ ਵਾਸਤੇ ਕਿਹਾ ਹੈ।

## ਆਕਲੈਂਡ ਕੌਂਸਲ ਨੂੰ ਨਿੱਜੀ ਆਤਸ਼ਬਾਜ਼ੀ ਦੀ ਵਿਕਰੀ 'ਤੇ ਰੋਕ ਲਗਾਉਣ 'ਤੇ ਮਿਲਿਆ ਸਮਰਥਨ

ਆਕਲੈਂਡ (ਐਨ. ਜ਼ੈਡ. ਤਸਵੀਰ) : ਆਕਲੈਂਡ ਸਿਟੀ ਕੌਂਸਲ ਵਿਕਰੀ ਦੇ ਇੱਕ ਕਾਨੂੰਨ ਵਿਚ ਬਦਲਾਅ ਅਤੇ ਆਤਸ਼ਬਾਜ਼ੀ ਦੇ ਉਪਯੋਗ ਨੂੰ ਇਸ ਹਫਤੇ ਦੇ ਅੰਤ ਵਿਚ ਨਿਊਜ਼ੀਲੈਂਡ ਸੰਮੇਲਨ ਵਿਚ ਸਮਰਥਨ ਮਿਲਿਆ ਹੈ। ਆਤਸ਼ਬਾਜ਼ੀ ਦੀ ਵਿਕਰੀ ਦੀ ਰੋਕ ਦੀ ਮੰਗ ਕਰਨ ਵਾਲੇ ਪਰਿਸ਼ਦ ਨੂੰ 64 ਫੀਸਦੀ ਵੋਟ ਮਿਲੇ ਹਨ। ਕਾਊਂਸਲਰ ਕੈਥੀ ਕੈਲੀ ਦਾ ਕਹਿਣਾ ਹੈ ਕਿ ਹੁਣ ਇਸ ਨੀਤੀ ਉਤੇ ਸਰਕਾਰ ਨੂੰ ਪਾਬੰਦੀ ਲਗਾਉਣੀ ਚਾਹੀਦੀ ਹੈ, ਕਿਉਕਿ ਇਸ ਸਬੰਧੀ ਹੁਣ ਜਨਤਾ ਨੇ ਵੀ ਹਾਂ ਪੱਖੀ ਪ੍ਰਗਟਾਵਾ ਕੀਤਾ ਹੈ। ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਦੇ ਆਲੇ ਦੁਆਲੇ ਬਹੁਤ ਸਾਰੇ ਮੁਲਕਾਂ ਵਿਚ ਆਤਸ਼ਬਾਜ਼ੀ ਦੀ ਨਿੱਜੀ ਵਰਤੋਂ ਲੋਕਾਂ ਦਾ ਅਤੇ ਜਾਨਵਰਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਹੋ ਰਿਹਾ ਸੀ।